(This Question paper contains 2 printed page) Roll No. _________

Sl. No. : 6056
Unique Paper Code : 2122103601
Name of the Paper : BHAGTI SAHIT
Name of the Course : DSC
Semester : 6
Duration : 3 HOURS Maximum Marks : 90

**Instructions for Candidates**

**ਨੋਟ–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

**ਭਾਗ ਪਹਿਲਾ**

1. ਭਗਤੀ ਲਹਿਰ ਨਾਲ ਮੁੱਢਲੀ ਜਾਣ-ਪਛਾਣ ਕਰਾਓ ਅਤੇ ਉਸ ਸਮੇਂ ਦੀ ਸਮਾਜਕ ਸਥਿਤੀ ਬਾਰੇ ਚਰਚਾ ਕਰੋ। 15

ਜਾ

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤਾਂ ਬਾਰੇ ਵਿਸਥਾਰ ਵਿਚ ਜਾਨਕਾਰੀ ਦਿਓ ।

**ਭਾਗ ਦੂਜਾ**

2. ਭਗਤ ਕਬੀਰ ਜੀ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਵਿਚ ਲਿਖੋ । 15

ਜਾਂ

ਭਗਤ ਕਬੀਰ ਜੀ ਦੇ ਸ਼ਲੋਕਾਂ ਦੇ ਆਧਾਰ ਤੇ ਉਹਨਾਂ ਦੀ ਵਿਚਾਰਧਾਰਾ ਬਾਰੇ ਚਰਚਾ ਕਰੋ।

3. ਭਗਤ ਕਬੀਰ ਰਚਿਤ ਬਾਣੀ ਵਿਚੋਂ ਹੇਠ ਲਿਖੀਆਂ ਪੰਕਤੀਆਂ ਦੀ ਵਿਆਖਿਆ ਕਰੋ । 10

ਗਰਭ ਵਾਸ ਮਹਿ ਕੁਲੁ ਨਹੀ ਜਾਤੀ ਬ੍ਰਹਮ ਬਿੰਦ ਤੇ ਸਭਿ ਉਤਪਾਤੀ,
ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ,ਬਾਮਨ ਕਹਿ ਕਹਿ ਜਨਮ ਮਤ ਖੋਏ।ਰਹਾਉ।
ਜੋ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ ਤਉ ਆਨ ਬਾਟ ਕਾਹੇ ਨਹੀਂ ਆਇਆ
ਤੁਮ ਕਤ ਬ੍ਰਾਮਣ ਹਮ ਕਤ ਸੂਦ । ਹਮ ਕਤ ਲੋਹੂ ਤੁਮ ਕਤ ਦੂਧ ।
ਕਹੁ ਕਬੀਰ ਜੋ ਬ੍ਰਹਮ ਬੀਚਾਰੈ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ।

ਜਾਂ

ਭਗਤ ਕਬੀਰ ਜੀ ਦੇ ਕੋਈ **ਦੋ ਸ਼ਲੋਕ ਲਿਖੋ** ਅਤੇ ਉਹਨਾਂ ਦੀ ਸੰਖਿਪਤ ਵਿਆਖਿਆ ਕਰੋ ।

**ਭਾਗ ਤੀਜਾ**

4. ਭਗਤ ਰਵਿਦਾਸ ਜੀ ਦੇ ਜੀਵਨ ਅਤੇ ਉਹਨਾਂ ਦੀ ਵਿਚਾਰਧਾਰਾ ਬਾਰੇ ਜਾਣਕਾਰੀ ਦਿਓ । 15

ਜਾਂ

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਪੇਸ਼ ਸਮਾਜਕ ਜੀਵਨ ਬਾਰੇ ਆਪਣੇ ਵਿਚਾਰ ਲਿਖੋ ।

5. ਭਗਤ ਰਵਿਦਾਸ ਜੀ ਦੀ ਬਾਣੀ **ਵਿਚੋਂ ਕਿਸੇ ਇਕ** ਸ਼ਬਦ ਦੀ ਵਿਆਖਿਆ ਕਰੋ। 10

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ।ਰਹਾਉ।
ਜਬ ਕਛੁ ਪਾਵੈ ,ਤਬ ਗਰਬੁ ਕਰਤੁ ਹੈ ਮਾਇਆ ਗਈ ਟਬ ਰੋਵਨੁ ਲਗਤੁ ਹੈ

ਮਨ ਬਚ ਕ੍ਰਮ ਰਸ ਕਸਹਿ ਲੁ ਭਾਨਾ ਬਿਨਸਿ ਗਇਆਂ ਜਾਇ ਕਹੂੰ ਸਮਾਨਾ

ਕਹਿ ਰਵਿਦਾਸ ਬਾਜੀ ਜਗੁ ਭਾਈ ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ।

ਜਾਂ

ਜਉ ਤੁਮ ਗਿਰਿਵਰ ਤਉ ਹਮ ਮੋਰਾ। ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ।
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਿਹ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ।ਰਹਾਉ ।
ਜਉ ਤੁਮ ਦੀਵਰਾ ਤਉ ਹਮ ਬਾਤੀ ਜਉ ਤੁਮ ਤੀਰਥ ਤਉ ਹਮ ਜਾਤੀ । ਸਾਚੀ ਪ੍ਰੀਤਿ ਹਮ
ਤੁਮ ਸਿਉ ਜੋਰੀ ਤੁਮ ਸਿਉ ਜੋਰਿ ਅਵਰ ਸੰਗਿਤੋਰੀ । ਜਹ ਜਹ ਜਾਉ ਤਹਾ ਤੇਰੀ ਸੇਵਾ ਤੁਮ
ਸਿਉ ਠਾਕੁਰ ਅਉਰ ਨ ਦੇਵਾ ਤੁਮਰੇ ਭਜਨ ਕਟਹਿ ਜਮ ਫਾਸਾ ਭਗਤਿ ਹੇਤ ਗਾਵੈ ਰਵਿਦਾਸਾ ।

**ਭਾਗ ਚੌਥਾ**

6. ਭਗਤ ਨਾਮਦੇਵ ਜੀ ਦੀ ਬਾਣੀ ਮਨੁੱਖਤਾ ਨੂੰ ਕੀ ਸੰਦੇਸ਼ ਦਿੰਦੀ ਹੈ ? ਬਾਣੀ ਵਿਚਲੇ ਹਵਾਲਿਆਂ ਰਾਹੀਂ ਜਵਾਬ ਲਿਖੋ। 15

ਜਾਂ

ਭਗਤ ਧੰਨਾ ਜੀ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਵਿਚ ਲਿਖੋ ।

7. ਭਗਤ ਤ੍ਰਿਲੋਚਨ ਜੀ ਦੇ ਜੀਵਨ ਬਾਰੇ ਮਿਲਦੀ ਜਾਣਕਾਰੀ ਸਾਂਝੀ ਕਰੋ । 10

ਜਾਂ

ਹੇਠ ਲਿਖੀਆਂ ਪੰਕਤੀਆਂ ਦੀ ਵਿਆਖਿਆ ਕਰੋ ।

ਸਭੈ ਘਟ ਰਾਮ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ ।
ਏਕਲ ਮਾਟੀ ਕੁੰਜਰ ਚਿਟੀ ਭਾਜਨ ਹੈ ਬਹੁ ਨਾਨਾ ਰੇ ।
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ।
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰ ਕੋ ਦਾਸਾ ਰੇ ।